## ਨਮੂਨੇ ਦਾ ਪ੍ਰਸ਼ਨ-ਪੱਤਰ
## ਪੰਜਾਬੀ (ਦੂਜੀ ਭਾਸ਼ਾ)

**ਜਮਾਤ : ਅੱਠਵੀਂ**

**ਸਮਾਂ : 3 ਘੰਟੇ** **ਲਿਖਤੀ ਪਰੀਖਿਆ :80 ਅੰਕ**

ਪ੍ਰਸ਼ਨ ਨੰ. 1: ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ: 1x5=5

ਸ਼ਹੀਦ ਰਾਜਗੁਰੂ ਦਾ ਜਨਮ 24 ਅਗਸਤ, 1908 ਨੂੰ ਪਿੰਡ ਖੇੜਾ (ਮਹਾਰਾਸ਼ਟਰ) ਵਿੱਚ ਹੋਇਆ। ਰਾਜਗੁਰੂ ਦਾ ਪੂਰਾ ਨਾਂ ਸ਼ਿਵ ਰਾਮ ਰਾਜਗੁਰੂ ਸੀ। ਰਾਜਗੁਰੂ ਦੇ ਪਿਤਾ ਹਰੀ ਨਰਾਇਣ ਰਾਜਗੁਰੂ ਪੂਨਾ ਦੇ ਨੇੜੇ ਪਿੰਡ ਚਾਕਨ ਦੇ ਵਾਸੀ ਸਨ।ਜੀਵਨ ਨਿਰਬਾਹ ਲਈ ਕੰਮ ਦੀ ਤਲਾਸ਼ ਵਿੱਚ ਉਹ ਪੂਨਾ ਦੇ ਕੋਲ ਹੀ ਇੱਕ ਪਿੰਡ ਖੜਾ ਵਿੱਚ ਵੱਸ ਗਏ।ਰਾਜਗੁਰੂ ਛੇ ਸਾਲ ਦੇ ਸਨ ਜਦੋਂ ਉਹਨਾਂ ਦੇ ਪਿਤਾ ਸੁਰਗਵਾਸ ਹੋ ਗਏ | ਉਹਨਾਂ ਨੂੰ ਵੱਡੇ ਭਰਾ ਦਿਨਕਰ ਹਰੀ ਰਾਜਗੁਰੂ ਨੇ ਪਾਲਿਆ। ਰਾਜਗੁਰੂ ਨੂੰ ਇੱਕ ਮਰਾਠੀ ਸਕੂਲ ਵਿੱਚ ਪੜ੍ਹਨ ਪਾਇਆ ਗਿਆ ਪਰ ਉਸ ਦਾ ਮਨ ਪੜ੍ਹਾਈ ਵਿੱਚ ਨਹੀਂ ਲੱਗਦਾ ਸੀ। ਉਹ ਖੇਡ ਕੇ ਸਮਾਂ ਬਿਤਾਉਂਦੇ ਸਨ। ਵੱਡਾ ਭਰਾ ਦਿਨਕਰ ਨੌਕਰੀ ਕਰਦਾ ਸੀ | ਉਹ ਰਾਜਗੁਰੂ ਨੂੰ ਪੜ੍ਹਨ ਲਈ ਪ੍ਰੇਰਦਾ ਰਹਿੰਦਾ ਪਰ ਰਾਜਗੁਰੂ ਦੀ ਪੜ੍ਹਾਈ ਵਿੱਚ ਬਿਲਕੁਲ ਰੁਚੀ ਨਹੀਂ ਸੀ । ਇਸ ਕਾਰਨ ਇੱਕ ਦਿਨ ਵੱਡੇ ਭਰਾ ਨੇ ਰਾਜਗੁਰੂ ਨੂੰ ਪੜ੍ਹਾਈ 'ਚ ਮਨ ਲਾਉਣ ਲਈ ਜ਼ੋਰ ਪਾਇਆ । ਰਾਜਗੁਰੂ ਨੂੰ ਖੇਡ ਤੋਂ ਬਿਨਾਂ ਕੋਈ ਹੋਰ ਗੱਲ ਨਹੀਂ ਭਾਉਂਦੀ ਸੀ। ਇਸ ਕਾਰਨ ਉਹ ਵੱਡੇ ਭਰਾ ਨਾਲ਼ ਨਰਾਜ਼ ਹੋ ਗਏ ।

1924 ਈ: ਦੀ ਗੱਲ ਹੈ। ਇੱਕ ਦਿਨ ਰਾਜਗੁਰੂ ਵੱਡੇ ਭਰਾ ਨੂੰ ਦੱਸਣ ਤੋਂ ਬਿਨਾਂ ਹੀ ਘਰ ਤੋਂ ਨਿਕਲ਼ ਤੁਰੇ। ਉਸ ਸਮੇਂ ਉਸ ਕੋਲ ਸਿਰਫ਼ ਨੌ ਪੈਸੇ ਸਨ। ਉਹ ਨਾਸਿਕ, ਕਾਨਪੁਰ ਘੁੰਮਦੇ-ਘੁੰਮਦੇ ਭੁੱਖ-ਤਿਹਾਏ ਪੰਦਰ੍ਹਾਂ ਦਿਨਾਂ ਵਿੱਚ ਕਾਂਸੀ ਪਹੁੰਚ ਗਏ। ਕੁਝ ਦਿਨ ਉਹਨਾਂ ਨੇ ਅਹੱਲਿਆ ਘਾਟ ’ਤੇ ਕੱਟੇ। ਫਿਰ ਇੱਕ ਸੰਸਕ੍ਰਿਤ ਸਕੂਲ ਵਿੱਚ ਦਾਖ਼ਲ ਹੋ ਗਏ। ਸਕੂਲ ਵਿੱਚ ਦਾਖ਼ਲਾ ਲੈ ਕੇ ਰਾਜਗੁਰੂ ਨੇ ਵੱਡੇ ਭਰਾ ਨੂੰ ਇਸ ਬਾਰੇ ਖ਼ਤ ਲਿਖ ਦਿੱਤਾ। ਭਰਾ ਨੇ ਰਾਜਗੁਰੂ ਨੂੰ ਫੀਸ ਲਈ ਪੰਜ ਰੁਪਏ ਮਹੀਨਾ ਭੇਜਣੇ ਸ਼ੁਰੂ ਕਰ ਦਿੱਤੇ।

(ੳ) ਸ਼ਹੀਦ ਰਾਜਗੁਰੂ ਕਿਹੜੇ ਸੰਨ ਵਿੱਚ ਬਿਨਾਂ ਦੱਸੇ ਘਰ ਤੋਂ ਨਿਕਲ਼ ਤੁਰੇ ?

(i) 1923 ਈ. (ii) 1924 ਈ. (iii) 1925 ਈ. (iv) 1926 ਈ.

(ਅ) ਰਾਜਗੁਰੂ ਦੇ ਭਰਾ ਨੇ ਸਕੂਲ ਦੀ ਫ਼ੀਸ ਲਈ ਕਿੰਨੇ ਰੁਪਏ ਭੇਜਣੇ ਸ਼ੁਰੂ ਕਰ ਦਿੱਤੇ ?

(i) ਨੌਂ ਪੈਸੇ (ii) ਦੋ ਰੁਪਏ ਮਹੀਨਾ (iii) ਚਾਰ ਰੁਪਏ ਮਹੀਨਾ (iv)ਪੰਜ ਰੁਪਏ ਮਹੀਨਾ

(ੲ) ਘਰ ਛੱਡਣ ਤੋਂ ਬਾਅਦ ਰਾਜਗੁਰੂ ਨੇ ਕਿਹੜੇ ਸਕੂਲ ਵਿੱਚ ਦਾਖ਼ਲਾ ਲਿਆ ?

(i) ਸੰਸਕ੍ਰਿਤ ਸਕੂਲ (ii) ਡੀ.ਏ.ਵੀ. ਸਕੂਲ (ii) ਖ਼ਾਲਸਾ ਸਕੂਲ (iv) ਮਿਊਸੀਪਲ ਸਕੂਲ

(ਸ) ਰਾਜਗੁਰੂ ਦਾ ਪੂਰਾ ਨਾਂ ਕੀ ਸੀ ?

(i) ਰਾਮ ਸ਼ਿਵ ਰਾਜਗੁਰੂ (ii) ਸ਼ਿਵ ਰਾਮ ਰਾਜਗੁਰੂ (ii) ਰਾਜਗੁਰੂ ਸ਼ਿਵ ਰਾਮ (iv) ਦਿਨਕਰ ਰਾਜਗੁਰੂ

(ਹ) ਜਦੋਂ ਰਾਜਗੁਰੂ ਦੇ ਪਿਤਾ ਜੀ ਸੁਰਗਵਾਸ ਹੋਏ ਤਾਂ ਉਹਨਾਂ ਦੀ ਉਮਰ ਕਿੰਨੀ ਸੀ ?

(i) ਛੇ ਮਹੀਨੇ (ii) ਪੰਜ ਸਾਲ (iii) ਛੇ ਸਾਲ (iv) ਸੱਤ ਸਾਲ

ਪ੍ਰਸ਼ਨ ਨੰ. 2: (1) ਹੇਠਾਂ ਦਿੱਤੇ ਗਏ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੇ ਭਾਵ ਅਰਥ ਸਪਸ਼ਟ ਕਰੋ: 4+4=8

ਕਿੰਨਾ ਹੈ ਵਿਸਾਖੀ ਵਾਲ਼ਾ ਮੇਲਾ ਭਰਿਆ,
ਜਾਏ ਨਾ ਬਜ਼ਾਰਾਂ ਵਿੱਚ ਪੈਰ ਧਰਿਆ।
ਲੱਡੂਆਂ-ਜਲੇਬੀਆਂ ਦੇ ਭਰੇ ਥਾਲ਼ ਨੇ,
ਖਾਣ ਦੇ ਸ਼ੁਕੀਨ ਖੜ੍ਹੇ ਬੰਨ ਪਾਲ ਨੇ ।
ਟੋਲੀਆਂ ਬਣਾਈਆਂ ਵੱਖੋ-ਵੱਖ ਮੌਲੀਆਂ,
ਸੋਂਹਦੇ ਨੇ ਮੇਲੇ ਸਦਾ ਨਾਲ਼ ਬੋਲੀਆਂ ।

ਜਾਂ

ਸਾਡਾ ਸਭ ਦੁੱਖ ਜਾਣਦੇ,
ਰੁੱਖ ਬੋਲ ਨਾ ਸਕਦੇ।
ਬੰਦਾ ਛਾਂਵੇ ਬੈਠਣ ਆਵੇ.
ਇਹਨਾਂ ਨੂੰ ਹੀ ਛਾਂਗੀ ਜਾਵੇ।
ਨਾ ਬੋਲਣ ਨਾ ਕੂਕਣ ਫਿਰ ਵੀ,
ਭਾਵੇ ਸਭ ਕੁਝ ਜਾਣਦੇ।
ਪਰ ਬੋਲ ਨਾ ਸਕਦੇ।

(ii) ਉਪਰੋਕਤ ਕਾਵਿ-ਟੋਟਿਆਂ ਦੇ ਆਧਾਰ 'ਤੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(ੳ) ਲੱਡੂਆਂ-ਜਲੇਬੀਆਂ ਨਾਲ਼ ਕੀ ਭਰੇ ਹਨ ?

(i) ਥਾਲ਼ (1) ਡੱਬੇ (ii) ਪੁਰਾਤ

(ਅ) ਮੇਲੇ ਸਦਾ ਕਿਨਾਂ ਨਾਲ਼ ਸੋਂਹਦੇ ਹਨ ?

(i) ਭੀੜ (ii) ਪੁਲਿਸ (iii) ਬੋਲੀਆਂ

(ੲ) ਬੰਦਾ ਕਿਨ੍ਹਾਂ ਨੂੰ ਛਾਂਗ ਰਿਹਾ ਹੈ ?

(i) ਪੱਥਰਾਂ (ii) ਰੁੱਖਾਂ (iii) ਪਹਾੜਾਂ

(ਸ) ਰੁੱਖ ਸਭ ਕੁਝ ਜਾਣਦੇ ਹੋਏ ਵੀ ਕੀ ਨਹੀਂ ਕਰ ਸਕਦੇ ?

(i) ਬੋਲ (ii) ਹਿੱਲ (ii) ਵੱਧ

ਪ੍ਰਸ਼ਨ ਨੰ. 3: (I) ਨਿਮਨ-ਲਿਖਤ ਪ੍ਰਸ਼ਨਾ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਸੰਖੇਪ ਸ਼ਬਦਾਂ ਵਿੱਚ ਦਿਓ: 3x4=12

(ੳ) ਸਹਿਜ ਦਾ ਨਾਨਕੇ ਜਾਣ ਦਾ ਸਾਰਾ ਚਾਅ ਕਿਉਂ ਮੱਠਾ ਪੈ ਗਿਆ ਸੀ ?

(ਅ) ਪੰਜਾਬ ਦੀਆਂ ਹੋਰ ਕਿਹੜੀਆਂ-ਕਿਹੜੀਆਂ ਖੇਡਾਂ ਹਨ ?

(ੲ) ਰਿਧਿਮਾ ਟਿਫ਼ਨ ਵਿੱਚ ਬਿਸਕੁਟ ਕਿਉਂ ਲੈ ਕੇ ਆਈ ਸੀ ?

(ਸ) ਕਿਹੜੀ ਗੱਲ ਦਿਲਜੀਤ ਦੇ ਮਨ ਨੂੰ ਦੁਖੀ ਕਰਦੀ ਸੀ ?

(ਹ) ਓਜ਼ੋਨ ਪਰਤ ਦਾ ਘਾਣ ਕਿਸ ਤਰ੍ਹਾਂ ਹੋਇਆ ਹੈ ?

(II) ਅੱਗੇ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ : 1x5=5

(ੳ) ਯੋਗਰਾਜ ਕਿਸ ਵਿਸ਼ੇ ਦੇ ਅਧਿਆਪਕ ਸਨ ?

(i) ਸਮਾਜਿਕ ਸਿੱਖਿਆ (ii) ਅੰਗਰੇਜ਼ੀ (iii) ਗਣਿਤ

(ਅ) ਲੋਕਾਂ ਨੂੰ ਮਾਸਟਰ ਬੁੱਧ ਸਿੰਘ ਕੋਲ਼ ਕਿਹੜੀ ਚੀਜ਼ ਹੋਣ ਦਾ ਸ਼ੱਕ ਸੀ ?

(i)ਬਹੁਤ ਪੈਸਾ (ii) ਵਿੱਦਿਆ (iii) ਗਿੱਦੜ ਸਿੰਗੀ

(ੲ) ਇੱਕ ਕਲੋਨੀ ਵਿੱਚ ਸ਼ਹਿਦ ਦੀਆਂ ਮੱਖੀਆਂ ਦੀ ਲਗ-ਪਗ ਕਿੰਨੀ ਗਿਣਤੀ ਹੁੰਦੀ ਹੈ ?

(i)ਪੰਜ ਸੌ (ii) ਸੱਤ ਸੌ (iii) ਕਈ ਹਜ਼ਾਰ

(ਸ) ਸਕੂਲ ਦੇ ਮੈਦਾਨ ਵਿੱਚ ਪਾਈ ਕਿਸ ਨੇ ਛੱਡਿਆ?

(i) ਬੱਚਿਆਂ ਨੇ (ii) ਅਧਿਆਪਕਾਂ ਨੇ (iii) ਮਾਲੀ ਨੂੰ

(ਹ) ਅੱਜ ਦੇ ਛੋਟੇ ਬੱਚੇ ਲਈ ਕਿਹੜਾ ਪੰਛੀ ਅਣਡਿੱਠ ਹੋ ਰਿਹਾ ਹੈ?

(i) ਚਿੜੀ (ii) ਕਾਂ (iii) ਕਬੂਤਰ

(ਕ) ਈਦ ਕਿੰਨੇ ਰੋਜ਼ਿਆਂ ਬਾਅਦ ਆਈ ਸੀ?

(i) ਪੰਦਰਾਂ (ii) ਵੀਹ (iii) ਤੀਹ

ਪ੍ਰਸ਼ਨ ਨੰ 4. ਅੱਗੇ ਲਿਖੇ ਵਾਕਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਵਿਕਲਪਾਂ ਵਿੱਚੋਂ ਸ਼ਬਦ ਚੁਣ ਕੇ ਕੋਈ ਪੰਜ ਖਾਲੀ ਸਥਾਨ ਭਰੋ: 1x4=4

(ਪ੍ਰੋਗ੍ਰਾਮ, ਜੂਨ, ਅੱਧੀ ਮੁਲਾਕਾਤ, ਗੈੱਸਟ-ਹਾਊਸ)

(ੳ) ਸਕੂਲ ਵਿੱਚ................. ਮਹੀਨੇ ਛੁੱਟੀਆਂ ਹੋ ਗਈਆਂ ਸਨ।

(ਅ) ਚਿੱਠੀ ਨੂੰ .................. ਮੰਨਿਆ ਜਾਂਦਾ ਸੀ ।

( ੲ) ਹੋਟਲਾਂ ਤੋਂ ਇਲਾਵਾ ਇੱਥੇ ਰਹਿਣ ਲਈ ਕਈ........... ਵੀ ਮੌਜੂਦ ਹਨ।

(ਸ) ਭਗਤ ਸਿੰਘ ਵੱਲੋਂ ਅਸੈਂਬਲੀ ਵਿੱਚ ਬੰਬ ਸੁੱਟਣ ਦਾ............... ਉਲੀਕਿਆ ਗਿਆ।

ਪ੍ਰਸ਼ਨ ਨੰ. 5; ਨਿਮਨ-ਲਿਖਤ ਕਿਸੇ ਚਾਰ ਵਾਕਾਂ ਵਿੱਚੋਂ; ਵਾਕ ਦੇ ਸਾਮ੍ਹਣੇ ਪੁੱਛੇ ਗਏ ਅਨੁਸਾਰ ਸ਼ਬਦਾਂ ਦੀ ਪਛਾਣ ਕਰਕੇ ਲਿਖੋ:

1x4=4

(ੳ) ਹਾਮਿਦ ਨੇ ਕਿਹਾ ਕਿ ਉਹ ਈਦਗਾਹ ਜਾਵੇਗਾ । (ਕਿਰਿਆ ਚੁਣੋਂ)

(ਅ) ਉਹ ਹਰ ਸਮੇਂ ਗਿੱਦੜ ਸਿੰਗੀ ਬਾਰੇ ਸੋਚਦਾ ਰਹਿੰਦਾ। (ਪੜਨਾਂਵ ਚੁਣੋ)

(ੲ) ਪੁਰਾਤਨ ਗ੍ਰੰਥਾਂ ਵਿੱਚ ਅਸੀਂ ਬਨਸਪਤੀ ਸੰਬੰਧੀ ਪੜ੍ਹਦੇ ਹਾਂ । (ਵਿਸ਼ੇਸ਼ਣ ਚੁਣੋ)

(ਸ) ਅੱਜ ਦੇ ਛੋਟੇ ਬੱਚੇ ਲਈ ਚਿੜੀ ਬੁਝਾਰਤ ਬਣ ਗਈ ਹੈ। (ਨਾਂਵ ਚੁਣੋ)

ਪ੍ਰਸ਼ਨ ਨੰ. 6: (I) ਨਿਮਨ-ਲਿਖਤ ਕਿਸੇ ਪੰਜ ਸ਼ਬਦਾਂ/ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ : 1x5=5

ਖੁਸ਼ਹਾਲ, ਅਸਾਮੀ, ਨਿਸ਼ਾਨੇਬਾਜ਼, ਬਗ਼ਾਵਤ, ਬੇੜਾ ਪਾਰ ਕਰਨਾ,ਆਲ੍ਹਾ-ਦੁਆਲ੍ਹਾ, ਜ਼ੁੰਮੇਵਾਰੀ 1X5=5

(II) ਹੇਠ ਲਿਖਿਆ ਵਿੱਚੋਂ ਕਿਸੇ ਪੰਜ ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ: 1x5=5

.......................................................................................

(III) ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ : 1x5=5

ਪਿਤਾ, ਦੋਸਤ, ਵਿਦਿਆਰਥੀ, ਅਧਿਆਪਕ, ਮੁੰਡਾ, ਸ੍ਰੀਮਾਨ, ਬੱਚਾ

(IV) ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ : 1x5=5

ਗ਼ਰੀਬ, ਰੋਸ਼ਨੀ, ਪਹਾੜੇ, ਦੁਕਾਨ, ਠੰਢਾ, ਸੈਲਾਨੀ, ਸ਼ਾਖਾਵਾਂ, ਸਮੱਸਿਆਵਾਂ

ਪ੍ਰਸ਼ਨ ਨੰ. 7: ਨਿਮਨ-ਲਿਖਤ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਤੋਂ 200 ਸ਼ਬਦਾਂ ਦੀ ਲੇਖ ਰਚਨਾ ਕਰੋ:

- ਸ੍ਰੀ ਗੁਰੂ ਨਾਨਕ ਦੇਵ ਜੀ
- ਵਿਸਾਖੀ ਦਾ ਮੇਲਾ
- ਦਿਵਾਲ਼ੀ
- ਰੁੱਖਾਂ ਦੇ ਲਾਭ

ਪ੍ਰਸ਼ਨ ਨੰ. 8: ਸਕੂਲ ਦੇ/ ਦੀ ਮੁੱਖ ਅਧਿਆਪਕ/ਮੁੱਖ-ਅਧਿਆਪਕਾ ਤੋਂ ਮੈਚ ਦੇਖਣ ਜਾਣ ਦੀ ਆਗਿਆ ਲੈਣ ਸੰਬੰਧੀ ਬਿਨੈ-ਪੱਤਰ ਲਿਖੋ:

ਜਾਂ

ਆਪਣੇ ਪਿਤਾ ਜੀ ਨੂੰ ਆਪਣੀ ਸਲਾਨਾ ਪਰੀਖਿਆ ਬਾਰੇ ਜਾਣਕਾਰੀ ਦੇਣ ਲਈ ਪੱਤਰ ਲਿਖੋ। 8x1=8

ਪ੍ਰਸ਼ਨ ਨੰ. 3. ਪੜਨਾਂਵ ਦੀ ਪਰਿਭਾਸ਼ਾ ਦਿਓ।

ਜਾਂ

ਕਿਰਿਆ ਕਿਸ ਨੂੰ ਆਖਦੇ ਹਨ। 4x1=4